ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਸਅਸ ਨਗਰ
(ਸਪੋਰਟਸ ਸਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ,
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ,
ਸਮੂਹ ਸਕੂਲ ਮੁੱਖੀ, ਸਰਕਾਰੀ ਸਕੂਲ ਪੰਜਾਬ,
ਸਮੂਹ ਬੀ.ਪੀ.ਈ.ਓ., ਪੰਜਾਬ।

ਈ ਫਾਈਲ ਨੰ: 138409 ਸਪੋਰਟਸ
ਮਿਤੀ 12-04-2021

ਵਿਸਾ: EDS-52-Deveopment of playgrounds ਸਕੀਮ ਸਾਲ 2020-21 ਅਧੀਨ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਖੇਡਾਂ ਦਾ ਮਿਆਰ ਉੱਚਾ ਚੁੱਕਣ ਲਈ ਵਿੱਤੀ ਸਹਾਇਤਾ ਦੇਣ ਸਬੰਧੀ।

ਉਪਰੋਕਤ ਵਿਸੇ ਦੇ ਸਬੰਧ ਵਿੱਚ ਆਪ ਨੂੰ ਇਸ ਦਫਤਰ ਦੇ ਪੱਤਰ 29-01-2021 ਅਤੇ 08-03-2021 ਰਾਹੀਂ ਵਿੱਤੀ ਸਾਲ 2020-21 ਅਧੀਨ ਵਿਸਾ ਅੰਕਿਤ ਗ੍ਰਾਂਟ ਵਿੱਚੋਂ ਆਪ ਦੇ ਅਧੀਨ ਆਉਂਦੇ ਸਕੂਲਾਂ ਦੀ ਮੰਗ ਅਨੁਸਾਰ ਵੱਖ-2 ਖੇਡਾਂ ਲਈ ਖੇਡ ਮੈਦਾਨ ਤਿਆਰ ਕਰਨ ਅਤੇ ਖੇਡ ਸਮਾਨ ਖਰੀਦਣ ਆਦਿ ਸਬੰਧੀ ਕੁੱਲ 05 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਸੀ। ਇਸ ਸਬੰਧੀ ਕਈ ਸਕੂਲ ਮੁੱਖੀਆਂ ਵੱਲੋਂ ਲਿਖਿਆ ਜਾ ਰਿਹਾ ਹੈ ਕਿ ਜਾਰੀ ਗ੍ਰਾਂਟ ਦੀ ਵਰਤੋਂ ਦੀ ਮਿਆਦ ਵਧਾਈ ਜਾਵੇ ਕਿਉਂਕਿ ਮਿਤੀ 31-03-2021 ਖੇਡ ਮੈਦਾਨ ਦੀ ਉਸਾਰੀ/ਖੇਡ ਸਮਾਨ ਦੀ ਖਰੀਦ ਵਿੱਚ ਸਮਾਂ ਲੱਗ ਸਕਦਾ ਹੈ।

2.0 ਇਸ ਸਬੰਧੀ ਪ੍ਰਾਪਤ ਪ੍ਰਤੀਬੇਨਤੀਆਂ ਵਿਚਾਰਨ ਉਪਰੰਤ ਵਿਸਾ ਅੰਕਿਤ ਸਕੀਮ ਅਧੀਨ ਜਾਰੀ ਗ੍ਰਾਂਟ ਖਰਚਣ ਦੀ ਮਿਆਦ 30-04-2021 ਤੱਕ ਵਧਾਈ ਜਾਂਦੀ ਹੈ। ਆਪ ਦੇ ਅਧੀਨ ਆਉਂਦੇ ਸਕੂਲਾਂ ਨੂੰ ਇਸ ਸਬੰਧੀ ਸੂਚਿਤ ਕਰ ਦਿੱਤਾ ਜਾਵੇ ਕਿ ਮਿਤੀ 30-04-2021 ਤੱਕ ਉਕਤ ਗ੍ਰਾਂਟ ਖਰਚ ਕੇ ਇੱਕ ਹਫਤੇ ਅੰਦਰ ਉਸਦੇ ਵਰਤੋਂ ਸਰਟੀਫਿਕੇਟ ਸਬੰਧਤ ਡੀਐਮ ਸਪੋਰਟਸ ਪਾਸ ਪੁੱਜਦੇ ਕਰਨ।

ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸਨ)